ਮਾਸਟਰ ਕੇਡਰ ਯੂਨੀਅਨ ਵੱਲੋਂ ਸਰਕਾਰ ਖਿਲਾਫ ਤਿੱਖੇ ਸੰਘਰਸ਼ ਦਾ ਐਲਾਨ

■ ਵਿੱਤੀ ਮੰਗਾਂ ਨੂੰ ਲੈ ਕੇ ਅਧਿਆਪਕਾਂ 'ਚ ਰੋਸ ਦੀ ਲਹਿਰ

ਮੋਗਾ ਵਿਖੇ ਸੂਬਾ ਪੱਧਰੀ ਮੀਟਿੰਗ ਦੌਰਾਨ ਹਾਜ਼ਰ ਮਾਸਟਰ ਕੈਡਰ ਯੂਨੀਅਨ ਦੇ ਅਹੁਦੇਦਾਰ। (ਸ਼ੁਭਮ ਵਰਮਾ)

ਮੋਗਾ, 6 ਜੂਨ (ਬਿੰਦਾ)–ਮਾਸਟਰ ਕੇਡਰ ਯੂਨੀਅਨ ਦੇ ਸੂਬਾ ਪ੍ਰਧਾਨ ਬਲਜਿੰਦਰ ਧਾਲੀਵਾਲ, ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਭੁੱਲਰ, ਸਰਪ੍ਰਸਤ ਗੁਰਪ੍ਰੀਤ ਸਿੰਘ ਰਿਆੜ, ਸੀਨੀਅਰ ਆਗੂ ਹਰਮਿੰਦਰ ਉਪਲ, ਜੁਆਇੰਟ ਸਕੱਤਰ ਦਲਜੀਤ ਸਿੰਘ ਸਭਰਵਾਲ, ਮਨਜਿੰਦਰ ਸਿੰਘ ਢਿੱਲੋਂ ਸਹਾਇਕ ਵਿੱਤ ਸਕੱਤਰ, ਸੁਖਰਾਜ ਸਿੰਘ ਬੁੱਟਰ, ਸੀਨੀਅਰ ਮੀਤ ਪ੍ਰਧਾਨ, ਅਮਰਬੀਰ ਸਿੰਘ ਰੰਧਾਵਾ, ਜਥੇਬੰਦਕ ਸਕੱਤਰ ਹਰਸੇਵਕ ਸਿੰਘ ਸਾਧੂਵਾਲਾ, ਰਾਜਪਾਲ ਸਿੰਘ ਸੂਬਾ ਪ੍ਰੈੱਸ ਸਕੱਤਰ, ਅਮਨਦੀਪ ਸਿੰਘ ਸੂਬਾ ਕੁਆਰਡੀਨੇਟਰ ਦੀ ਸਾਂਝੀ ਅਗਵਾਈ ਵਿਚ ਮਾਸਟਰ ਕੇਡਰ ਯੂਨੀਅਨ ਪੰਜਾਬ ਅਤੇ ਮੁਲਾਜ਼ਮਾਂ ਅਤੇ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਹੱਲ ਕਰਵਾਉਣ ਵਾਸਤੇ ਮੋਗਾ ਵਿਖੇ ਸੂਬਾ ਪੱਧਰੀ ਮੀਟਿੰਗ ਕੀਤੀ ਗਈ।

ਮੀਟਿੰਗ ਵਿਚ ਜ਼ਿਲਾ ਪ੍ਰਧਾਨ ਮੋਗਾ ਸ਼ਮਸ਼ੇਰ ਸਿੰਘ, ਜ਼ਿਲਾ ਪ੍ਰਧਾਨ ਫਰੀਦਕੋਟ ਧਰਮਿੰਦਰ ਸਿੰਘ, ਇੰਦਰਪਾਲ ਸਿੰਘ ਜ਼ਿਲਾ ਪ੍ਰਧਾਨ ਗੁਰਦਾਸਪੁਰ, ਬਲਜਿੰਦਰ ਸਿੰਘ ਮਖੂ, ਹਰਮਿੰਦਰ ਸਿੰਘ ਉੱਪਲ, ਦਿਲਰਾਜਬੀਰ ਸਿੰਘ ਜ਼ਿਲਾ ਪ੍ਰਧਾਨ ਕਪੂਰਥਲਾ, ਦਲਜੀਤ ਸਿੰਘ ਸਭਰਵਾਲ ਫਾਜ਼ਿਲਕਾ , ਰਣਜੀਤ ਸਿੰਘ ਅੰਮ੍ਰਿਤਸਰ ਨੇ ਕਿਹਾ ਕਿ ਸਿੱਖਿਆ ਮੰਤਰੀ ਅਧਿਆਪਕਾਂ ਦੀਆਂ ਮੰਗਾਂ ਪ੍ਰਤੀ ਬਿਲਕੁੱਲ ਵੀ ਸੰਜੀਦਾ ਨਹੀਂ ਹੈ ਅਤੇ ਪੰਜਾਬ ਸਰਕਾਰ ਸਰਕਾਰੀ ਮੁਲਾਜ਼ਮਾਂ ਅਤੇ ਅਧਿਆਪਕਾਂ ਦੇ ਉਲਟ ਭੁਗਤ ਰਹੀ ਹੈ। ਉਨ੍ਹਾਂ ਦੇ ਡੀ. ਏ. 'ਤੇ ਸਰਕਾਰ ਵੱਲੋਂ ਡਾਕਾ ਮਾਰਿਆ ਜਾ ਰਿਹਾ ਹੈ। ਡੀ. ਏ. ਦੀਆਂ ਬਕਾਇਆ ਕਿਸ਼ਤਾਂ ਦੇਣ ਤੋਂ ਸਰਕਾਰ ਭੱਜ ਰਹੀ ਹੈ। ਪੇਂਡੂ ਭੱਤਾ , ਬਾਰਡਰ ਅਲਾਊਂਸ, ਪੁਰਾਣੀ ਪੈਨਸ਼ਨ, ਏ. ਸੀ. ਪੀ. ਆਦਿ ਵਿੱਤੀ ਮੰਗਾਂ ਨੂੰ ਵੀ ਸਰਕਾਰ ਵੱਲੋਂ ਅੱਖੋ ਪਰੋਖੇ ਕੀਤਾ ਜਾ ਰਿਹਾ ਹੈ। ਇਸ ਦੇ ਨਾਲ-ਨਾਲ ਪੰਜਾਬ ਸਰਕਾਰ ਵੱਲੋਂ ਅਧਿਆਪਕਾਂ ਤੋਂ ਗੈਰ ਵਿੱਦਿਅਕ ਡਿਊਟੀਆਂ ਕਰਵਾ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਿੱਖਿਆ ਕ੍ਰਾਂਤੀ ਦਾ ਨਾਅਰਾ ਲੈ ਕੇ ਆਉਣ ਵਾਲੀ ਸਰਕਾਰ ਹਰ ਖੇਤਰ ਵਿਚ ਫੇਲ ਹੁੰਦੀ ਜਾਪਦੀ ਹੈ।

ਉਨ੍ਹਾਂ ਕਿਹਾ ਕਿ 4161 ਅਧੀਨ ਭਰਤੀ ਹੋਏ 253 ਅਧਿਆਪਕਾਂ ਨੂੰ ਨੋਟਿਸ ਭੇਜ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਮਾਸਟਰ ਕੇਡਰ ਯੂਨੀਅਨ ਵੱਲੋਂ 4161 ਅਧਿਆਪਕਾਂ ਦੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰਨ ਦਾ ਵੀ ਮੀਟਿੰਗ ਵਿਚ ਫੈਸਲਾ ਲਿਆ ਗਿਆ। ਇਨ੍ਹਾਂ ਸਾਰਿਆਂ ਮਸਲਿਆਂ ਨੂੰ ਨਜਿੱਠਣ ਵਾਸਤੇ ਜੁਲਾਈ ਮਹੀਨੇ ਦੇ ਦੂਜੇ ਹਫਤੇ ਪੰਜਾਬ ਸਰਕਾਰ ਖਿਲਾਫ ਜ਼ਿਲਾ ਪੱਧਰੀ ਐਕਸ਼ਨ ਕੀਤੇ ਜਾਣਗੇ। ਇਨ੍ਹਾਂ ਐਕਸ਼ਨਾਂ ਤੋਂ ਬਾਅਦ ਸੂਬਾ ਪੱਧਰੀ ਮੀਟਿੰਗ ਕਰ ਕੇ ਪੰਜਾਬ ਸਰਕਾਰ ਖਿਲਾਫ ਤਿੱਖੇ ਐਕਸ਼ਨ ਉਲੀਕੇ ਜਾਣਗੇ।

ਮੀਟਿੰਗ ਵਿਚ ਇੰਦਰਪਾਲ ਸਿੰਘ ਜ਼ਿਲਾ ਪ੍ਰਧਾਨ ਗੁਰਦਾਸਪੁਰ, ਧਰਮਿੰਦਰ ਸਿੰਘ ਜ਼ਿਲਾ ਪ੍ਰਧਾਨ ਫਰੀਦਕੋਟ, ਰਣਜੀਤ ਸਿੰਘ ਅੰਮ੍ਰਿਤਸਰ, ਸੁਖਰਾਜ ਸਿੰਘ ਬੁੱਟਰ ਸ੍ਰੀ ਮੁਕਤਸਰ ਸਾਹਿਬ, ਵਿਨੇ ਕੁਮਾਰ ਨਵਾਂਸ਼ਹਿਰ, ਗਗਨਦੀਪ ਸਿੰਘ ਸਟੇਟ ਕਮੇਟੀ ਮੈਂਬਰ ਮੋਗਾ, ਦਿਲਰਾਜਬੀਰ ਸਿੰਘ ਜ਼ਿਲਾ ਪ੍ਰਧਾਨ ਕਪੂਰਥਲਾ, ਨਰਿੰਦਰ ਸਿੰਘ ਕਪੂਰਥਲਾ, ਚੰਦਰਸ਼ੇਖਰ ਨਵਾਂ ਸ਼ਹਿਰ, ਇੰਦਰਪਾਲ ਸਿੰਘ ਮੋਗਾ, ਨਰਿੰਦਰ ਸਿੰਘ ਨਵਾਂਸ਼ਹਿਰ, ਜਗਦੀਸ਼ ਕੁਮਾਰ ਨਵਾਂਸ਼ਹਿਰ, ਕੁਲਦੀਪ ਸਿੰਘ ਨਵਾਂਸ਼ਹਿਰ, ਜਸਵਿੰਦਰ ਸਿੰਘ ਮੋਗਾ , ਜੀ. ਐੱਸ. ਪੀਟਰ ਲੋਕ ਗਾਇਕ ਮੋਗਾ, ਰਜਿੰਦਰ ਕੁਮਾਰ, ਨਰਿੰਦਰ ਕੁਮਾਰ ਫਰੀਦਕੋਟ, ਸ਼ਮਸ਼ੇਰ ਸਿੰਘ ਜ਼ਿਲਾ ਪ੍ਰਧਾਨ ਮੋਗਾ, ਮਦਨ ਲਾਲ ਫਿਰੋਜ਼ਪੁਰ, ਬਲਜਿੰਦਰ ਸਿੰਘ ਮੱਖੂ, ਹਰਪ੍ਰੀਤ ਸਹਿਗਲ, ਅਮਨਦੀਪ ਸਿੰਘ ਬਲਾਕ ਪ੍ਰਧਾਨ ਮੋਗਾ, ਪਵਨ ਕੁਮਾਰ ਫਾਜ਼ਿਲਕਾ, ਜਸਵਿੰਦਰ ਸਿੰਘ ਫਾਜ਼ਿਲਕਾ, ਨਿਰਮਲਜੀਤ ਸਿੰਘ ਮੋਗਾ, ਅੰਮ੍ਰਿਤਪਾਲ ਸਿੰਘ ਡੀ. ਪੀ. ਮੋਗਾ, ਇਕਬਾਲ ਸਿੰਘ ਡੀ. ਪੀ., ਸੰਦੀਪ ਕੁਮਾਰ, ਦਲਜੀਤ ਸਿੰਘ ਕਪੂਰਥਲਾ, ਗੁਰਮੀਤ ਸਿੰਘ ਮੋਗਾ, ਨਿਰਮਲ ਸਿੰਘ ਮੋਗਾ, ਸੰਦੀਪ ਪੁਰੀ ਮੋਗਾ, ਰਜੇਸ਼ ਕੁਮਾਰ ਮੋਗਾ, ਅਵਤਾਰ ਸਮਾਲਸਰ ਹਾਜ਼ਰ ਸਨ।

ਕੈ. ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਮੁਲਾਕਾਤ

ਕੈਪਟਨ ਨਾਲ ਗਰਮਜੋਸ਼ੀ ਨਾਲ ਮਿਲਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ।

ਪਟਿਆਲਾ/ਚੰਡੀਗੜ੍ਹ/ਜਲੰਧਰ, 6 ਜੂਨ (ਰਾਜੇਸ਼ ਪੰਜੌਲਾ, ਅੰਕੁਰ, ਵਿਸ਼ੇਸ਼)–ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਲੀਡਰ ਕੈਪਟਨ ਅਮਰਿੰਦਰ ਸਿੰਘ ਨੇ ਸ਼ਨੀਵਾਰ ਨੂੰ ਨਵੀਂ ਦਿੱਲੀ ਵਿਖੇ ਦੇਸ਼ ਦੇ ਗ੍ਰਹਿ ਮੰਤਰੀ ਅਤੇ ਭਾਜਪਾ ਦੇ ਕੌਮੀ ਲੀਡਰ ਅਮਿਤ ਸ਼ਾਹ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਸਮੁੱਚੀਆਂ ਚਰਚਾਵਾਂ 'ਤੇ ਵਿਰਾਮ ਲਾ ਦਿੱਤਾ ਹੈ, ਜਿਨ੍ਹਾਂ 'ਚ ਕਿਹਾ ਜਾ ਹੈ ਕਿ ਉਹ ਭਾਜਪਾ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਰਹੇ ਹਨ। ਪੰਜਾਬ ਅਤੇ ਦੇਸ਼ ਦੇ ਹਰ ਮੁੱਦੇ 'ਤੇ ਬੇਬਾਕੀ ਨਾਲ ਬੋਲਣ ਵਾਲੇ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਪੰਜਾਬ ਭਾਜਪਾ ਦੇ ਨਵੇਂ ਬਣੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਕੁੱਝ ਹੋਰ ਮੁੱਦਿਆਂ 'ਤੇ ਆਪਣੇ ਵਿਚਾਰ ਰੱਖੇ ਸਨ।

ਇਸ ਤੋਂ ਬਾਅਦ ਇਹ ਕਿਆਸਰਾਈਆਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ ਕਿ ਕੈਪਟਨ ਅਮਰਿੰਦਰ ਸਿੰਘ ਦਾ ਭਾਜਪਾ ਤੋਂ ਮੋਹ ਭੰਗ ਹੋ ਗਿਆ ਹੈ ਅਤੇ ਉਹ ਫਿਰ ਤੋਂ ਕਾਂਗਰਸ ਵੱਲ ਜਾਣ ਲਈ ਤਿਆਰ ਹੋ ਗਏ ਹਨ। ਇਸ ਲਈ ਕਾਂਗਰਸ ਦੇ ਕੌਮੀ ਅਤੇ ਪੰਜਾਬ ਆਗੂਆਂ ਦੇ ਵੀ ਬਿਆਨ ਆਉਣੇ ਸ਼ੁਰੂ ਹੋ ਗਏ ਸਨ, ਜਿਸ ਤੋਂ ਬਾਅਦ ਇਨ੍ਹਾਂ ਚਰਚਾਵਾਂ ਨੂੰ ਹਵਾ ਮਿਲ ਗਈ ਸੀ।

ਸੂਤਰਾਂ ਅਨੁਸਾਰ ਗ੍ਰਹਿ ਮੰਤਰੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਸੀ ਅਤੇ ਉਨ੍ਹਾਂ ਆਪਣੇ ਨਿਵਾਸ ਸਥਾਨ 'ਤੇ 40 ਮਿੰਟ ਤੋਂ ਵੱਧ ਸਮੇਂ ਤੱਕ ਪੰਜਾਬ ਦੇ ਮਸਲਿਆਂ 'ਤੇ ਕੈਪਟਨ ਅਮਰਿੰਦਰ ਸਿੰਘ ਨਾਲ ਚਰਚਾ ਕੀਤੀ। ਕੇਂਦਰੀ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਕੈਪਟਨ ਨੇ ਭਾਜਪਾ ਦੇ ਸਾਬਕਾ ਕੌਮੀ ਪ੍ਰਧਾਨ ਅਤੇ ਕੇਂਦਰੀ ਸਿਹਤ ਮੰਤਰੀ ਜੇ.ਪੀ. ਨੱਡਾ ਨਾਲ ਵੀ ਮੁਲਾਕਾਤ ਕੀਤੀ। ਇਨ੍ਹਾਂ ਮੁਲਾਕਾਤਾਂ ਤੋਂ ਸਪੱਸ਼ਟ ਹੋ ਗਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਭਾਜਪਾ ਵਿਚ ਹੀ ਰਹਿਣਗੇ।

ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ : ਸ਼ਵੇਤ ਮਲਿਕ

ਅੰਮ੍ਰਿਤਸਰ, 6 ਜੂਨ (ਸ.ਹ.)–ਸਾਬਕਾ ਸੰਸਦ ਮੈਂਬਰ ਅਤੇ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸ਼ਵੇਤ ਮਲਿਕ ਨੇ ਪੰਜਾਬ ਸਰਕਾਰ 'ਤੇ ਦਿਸ਼ਾਹੀਨ ਹੋਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ ਆਪਣੇ 4 ਸਾਲਾਂ ਦੇ ਕਾਰਜਕਾਲ 'ਚ ਹਰ ਮੋਰਚੇ 'ਤੇ ਫੇਲ ਹੋਈ ਹੈ ਅਤੇ ਹੁਣ ਆਖਰੀ ਚੋਣ ਵਰ੍ਹੇ 'ਚ ਲੋਕਾਂ ਨੂੰ ਇਕ ਵਾਰ ਫਿਰ ਗੁੰਮਰਾਹ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਚਾਹੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹਨ ਪਰ ਅਸਲ 'ਚ ਸਰਕਾਰ ਦਿੱਲੀ ਵਾਲੇ ਚਲਾ ਰਹੇ ਹਨ, ਜਿਸ ਤੋਂ ਨਿਰਾਸ਼ ਹੋ ਕੇ ਪੰਜਾਬ ਦੇ 7 'ਆਪ' ਰਾਜ ਸਭਾ ਮੈਂਬਰਾਂ ਨੇ ਭਾਜਪਾ ਦੀ ਮੈਂਬਰਸ਼ਿਪ ਪ੍ਰਵਾਨ ਕਰ ਲਈ। ਉਨ੍ਹਾਂ ਕਿਹਾ ਕਿ ਸਰਕਾਰ ਕਾਨੂੰਨ-ਵਿਵਸਥਾ, ਨਸ਼ਾਖੋਰੀ ਅਤੇ ਆਰਥਿਕ ਮੋਰਚਿਆਂ 'ਤੇ ਖਰੀ ਨਹੀਂ ਉਤਰੀ। ਸੂਬੇ 'ਚ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਨੂੰ ਰੋਕਣ 'ਚ ਸਰਕਾਰ ਨਾਕਾਮ ਰਹੀ ਹੈ। ਨਸ਼ਿਆਂ ਦੀ ਲਤ ਕਾਰਨ ਨੌਜਵਾਨਾਂ ਦੇ ਪ੍ਰਭਾਵਿਤ ਹੋਣ ਨਾਲ ਸੂਬੇ ਦੇ ਕਈ ਪਰਿਵਾਰ ਗੰਭੀਰ ਆਰਥਿਕ ਅਤੇ ਸਮਾਜਿਕ ਸੰਕਟ 'ਚ ਹਨ।

ਮਲਿਕ ਨੇ ਕਿਹਾ ਕਿ ਪੰਜਾਬ 'ਚ ਰੇਤ ਮਾਫੀਆ, ਗੈਂਗਸਟਰ, ਅੱਤਵਾਦ, ਭੂ-ਮਾਫੀਆ, ਨਸ਼ਾ ਮਾਫੀਆ ਅਤੇ ਫਿਰੌਤੀ ਲੈਣ ਵਾਲੇ ਗੁੰਡਾ ਅਨਸਰਾਂ ਦਾ ਦਬਦਬਾ ਹੈ। ਪੰਜਾਬ ਦੇ ਸਰਕਾਰੀ ਕਰਮਚਾਰੀ, ਵਪਾਰੀ ਤੇ ਉਦਯੋਗਪਤੀ, ਕਿਸਾਨ, ਔਰਤਾਂ, ਬਜ਼ੁਰਗ ਅਤੇ ਨੌਜਵਾਨ ਸਰਕਾਰ ਦੇ ਝੂਠੇ ਵਾਅਦਿਆਂ ਤੋਂ ਨਿਰਾਸ਼ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਵੀ ਸੂਬੇ 'ਚ ਬੇਰੁਜ਼ਗਾਰੀ, ਸਰਕਾਰੀ ਕਰਜ਼ੇ ਅਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ 'ਤੇ ਲੋਕਾਂ ਨੂੰ ਰਾਹਤ ਨਹੀਂ ਦਿਵਾ ਸਕੀ ਸੀ।

ਮਲਿਕ ਨੇ ਕਿਹਾ ਕਿ ਪੰਜਾਬ ਦੇ ਵਿਕਾਸ ਲਈ ਭਾਜਪਾ ਦਾ ਵਿਜ਼ਨ ਮੁੱਖ ਤੌਰ 'ਤੇ 'ਨਵਾਂ ਪੰਜਾਬ' ਦੇ ਨਿਰਮਾਣ 'ਤੇ ਕੇਂਦਰਿਤ ਹੈ। ਪੰਜਾਬ ਦੇ ਸੁਨਹਿਰੀ ਭਵਿੱਖ ਲਈ ਭਾਜਪਾ ਹੀ ਇਕਲੌਤਾ ਬਦਲ ਹੈ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਇਕ ਨਵਾਂ ਇਤਿਹਾਸ ਰਚੇਗੀ।

'ਪੰਜਾਬ ਕੇਸਰੀ' ਗਰੁੱਪ ਦੀ ਰਾਹਤ ਮੁਹਿੰਮ ਦਾ 939ਵਾਂ ਟਰੱਕ

'ਜਲੰਧਰ ਪ੍ਰਿੰਟਰਜ਼ ਐਸੋਸੀਏਸ਼ਨ' ਵੱਲੋਂ ਜਲੰਧਰ ਤੋਂ ਭਿਜਵਾਈ ਸਮੱਗਰੀ ਪਿੰਡ 'ਝਫਕਰਾ' 'ਚ ਵੰਡੀ

'ਪੰਜਾਬ ਕੇਸਰੀ' ਪੱਤਰ ਸਮੂਹ ਪਿਛਲੇ 26 ਸਾਲਾਂ ਤੋਂ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਸਰਹੱਦੀ ਖੇਤਰਾਂ ਵਿਚ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਯਤਨਸ਼ੀਲ ਹੈ। ਇਸੇ ਸਿਲਸਿਲੇ ਵਿਚ ਬੀਤੇ ਦਿਨੀਂ ਭਾਰਤ-ਪਾਕਿ ਸਰਹੱਦ 'ਤੇ ਸਥਿਤ ਜ਼ਿਲਾ ਗੁਰਦਾਸਪੁਰ ਦੀ ਤਹਿਸੀਲ ਦੀਨਾਨਗਰ ਦੇ ਪਿੰਡ ਝਫਕਰਾ ਵਿਚ 939ਵਾਂ ਰਾਹਤ ਵੰਡ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਰਾਹਤ ਸਮੱਗਰੀ ਦਾ ਇਕ ਟਰੱਕ ਅੱਤਵਾਦ ਅਤੇ ਜੰਗ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਵੰਡਿਆ ਗਿਆ, ਜੋ ਕਿ 'ਜਲੰਧਰ ਪ੍ਰਿੰਟਰਜ਼ ਐਸੋਸੀਏਸ਼ਨ' ਵੱਲੋਂ ਭਿਜਵਾਇਆ ਗਿਆ ਸੀ। ਟਰੱਕ ਵਿਚ 225 ਪਰਿਵਾਰਾਂ ਲਈ ਰਜਾਈਆਂ ਸਨ।

ਤਸਵੀਰ ਵਿਚ ਸਮੱਗਰੀ ਭੇਟ ਕਰਦੇ ਸਲਿਲ ਚੌਧਰੀ, ਸੰਦੀਪ ਨਾਰੰਗ, ਵਰਿੰਦਰ ਸ਼ਰਮਾ, ਐਸੋਸੀਏਸ਼ਨ ਦੇ ਉਪ-ਪ੍ਰਧਾਨ ਰਮਨ ਪੱਬੀ, ਜਨਰਲ ਸਕੱਤਰ ਅਸ਼ਵਨੀ ਗੁਪਤਾ, ਬਲਬੀਰ ਸਿੰਘ ਜਸਰੋਟੀਆ, ਐਕਸ-ਸਰਵਿਸਮੈਨ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਕੰਢੀ, ਰੂਪ ਸਿੰਘ, ਡਿੰਪਲ ਸੂਰੀ, ਬਲਜੀਤ ਸਿੰਘ ਅਤੇ ਰਾਜ ਸਿੰਘ।

ਨਹਿਰ 'ਚ ਡੁੱਬਣ ਕਾਰਨ 2 ਨੌਜਵਾਨਾਂ ਦੀ ਮੌਤ

ਜਸਵੀਰ ਸਿੰਘ ਅਤੇ ਪ੍ਰਭਜੋਤ ਸਿੰਘ ਦੀ ਫਾਈਲ ਫੋਟੋ। (ਭਟੋਆ)

ਭੂੰਗਾ/ਗੜ੍ਹਦੀਵਾਲਾ, 6 ਜੂਨ (ਭਟੋਆ)–ਕੰਢੀ ਕੈਨਾਲ ਨਹਿਰ ਨਜ਼ਦੀਕ ਪਿੰਡ ਗੱਜ ਵਿਖੇ ਨਹਾਉਣ ਲਈ ਵੜੇ 4 ਨੌਜਵਾਨਾਂ 'ਚੋਂ 2 ਦੀ ਡੁੱਬਣ ਕਾਰਨ ਮੌਤ ਹੋ ਗਈ, ਜਦਕਿ 2 ਨੌਜਵਾਨ ਵਾਲ-ਵਾਲ ਬਚ ਗਏ। ਜਾਣਕਾਰੀ ਅਨੁਸਾਰ ਸ਼ਨੀਵਾਰ ਸ਼ਾਮ 4 ਵਜੇ ਦੇ ਕਰੀਬ ਚਾਰ ਨੌਜਵਾਨ ਦੀਪਕ ਕੁਮਾਰ ਪੁੱਤਰ ਮੋਹਣ ਲਾਲ ਵਾਸੀ ਨਿਊ ਪਾਰਕ ਗ੍ਰੀਨ ਟਾਊਨ, ਜਸਵੀਰ ਸਿੰਘ ਪੁੱਤਰ ਦਲਜੀਤ ਸਿੰਘ ਦਾਰਾਪੁਰ ਬਾਟਕ ਟਾਊਨ, ਸੰਜੇਸ਼ ਕੁਮਾਰ ਪੁੱਤਰ ਅਸ਼ਵਨੀ ਕੁਮਾਰ ਟਾਂਡਾ ਅਤੇ ਪ੍ਰਭਜੋਤ ਸਿੰਘ, ਜਿਨ੍ਹਾਂ ਦੀ ਉਮਰ ਕਰੀਬ 20-21 ਸਾਲ ਦੇ ਦਰਮਿਆਨ ਦੱਸੀ ਜਾ ਰਹੀ ਹੈ, 2 ਮੋਟਰਸਾਈਕਲਾਂ 'ਤੇ ਢੋਲਬਾਹਾ ਡੈਮ 'ਤੇ ਘਾਪਸ ਆਉਂਦੇ ਸਮੇਂ ਕੰਢੀ ਕੈਨਾਲ ਨਹਿਰ ਦੇ ਪੁਲ ਕੋਲ ਨਹਿਰ 'ਚ ਨਹਾਉਣ ਲਈ ਉਤਰ ਗਏ।

ਨਹਾਉਂਦੇ ਸਮੇਂ ਇਨ੍ਹਾਂ 'ਚੋਂ ਜਸਵੀਰ ਸਿੰਘ ਅਤੇ ਪ੍ਰਭਜੋਤ ਸਿੰਘ ਪਾਣੀ ਦੇ ਤੇਜ਼ ਵਹਾਅ ਕਾਰਨ ਅੱਗੇ ਰੁੜ੍ਹ ਗਏ, ਜਦਕਿ ਦੀਪਕ ਕੁਮਾਰ ਅਤੇ ਸੰਜੇਸ਼ ਕੁਮਾਰ ਵਾਲ-ਵਾਲ ਬਚ ਗਏ। ਰਾਹਗੀਰਾਂ ਅਤੇ ਪਿੰਡ ਗੱਜ ਦੇ ਨਿਵਾਸੀਆਂ ਦੀ ਮਦਦ ਨਾਲ ਕਾਫ਼ੀ ਮੁਸ਼ੱਕਤ ਤੋਂ ਬਾਅਦ ਜਸਵੀਰ ਸਿੰਘ ਅਤੇ ਪ੍ਰਭਜੋਤ ਸਿੰਘ ਨੂੰ ਪਾਣੀ 'ਚੋਂ ਬਾਹਰ ਕੱਢਿਆ ਗਿਆ ਅਤੇ ਤੁਰੰਤ ਸਰਕਾਰੀ ਹਸਪਤਾਲ ਭੂੰਗਾ ਪਹੁੰਚਾਇਆ ਪਰ ਉੱਥੇ ਮੌਜੂਦ ਡਾਕਟਰ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਪੁਲਸ ਚੌਕੀ ਭੂੰਗਾ ਦੇ ਇੰਚਾਰਜ ਏ. ਐੱਸ . ਆਈ. ਬਲਵੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਕਰਵਾਉਣ ਲਈ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਖੇ ਭੇਜ ਦਿੱਤਾ ਹੈ।

ਸਪੇਨ 'ਚ ਵਸਦੇ ਪ੍ਰਵਾਸੀ ਭਾਰਤੀਆਂ ਨੂੰ ਰਾਹਤ, ਪਾਸਪੋਰਟ ਰੀਨਿਊਅਲ ਦੇ 41,000 ਤੋਂ ਵੱਧ ਪੈਂਡਿੰਗ ਮਾਮਲਿਆਂ ਦਾ ਨਿਪਟਾਰਾ

ਚੰਡੀਗੜ੍ਹ, 6 ਜੂਨ (ਅੰਕੁਰ)–ਸਪੇਨ 'ਚ ਰਹਿੰਦੇ ਹਜ਼ਾਰਾਂ ਭਾਰਤੀਆਂ ਲਈ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਮੈਡਰਿਡ ਤੇ ਬਾਰਸੀਲੋਨਾ 'ਚ ਲੰਬੇ ਸਮੇਂ ਤੋਂ ਪਾਸਪੋਰਟ ਰੀਨਿਊਅਲ, ਪਾਸਪੋਰਟ ਦੁਬਾਰਾ ਜਾਰੀ ਕਰਨ ਤੇ ਪੁਲਸ ਕਲੀਅਰੈਂਸ ਸਰਟੀਫਿਕੇਟ (ਪੀ.ਸੀ.ਸੀ.) ਨਾਲ ਸਬੰਧਤ ਪੈਂਡਿੰਗ ਮਾਮਲਿਆਂ ਦੇ ਨਿਪਟਾਰੇ 'ਚ ਤੇਜ਼ੀ ਆਈ ਹੈ। ਸੰਸਦ ਮੈਂਬਰ ਤੇ ਵਿਦੇਸ਼ੀ ਮਾਮਲਿਆਂ ਬਾਰੇ ਸੰਸਦੀ ਸਥਾਈ ਕਮੇਟੀ ਦੇ ਮੈਂਬਰ ਸਤਨਾਮ ਸਿੰਘ ਸੰਧੂ ਵੱਲੋਂ ਇਹ ਮਾਮਲਾ ਕੇਂਦਰੀ ਵਿਦੇਸ਼ ਮੰਤਰਾਲੇ ਕੋਲ ਉਠਾਉਣ 'ਤੇ ਬਾਅਦ ਹੱਲ ਹੋਇਆ ਹੈ।

ਸਪੇਨ 'ਚ ਵਸਦੇ ਭਾਰਤੀਆਂ ਤੇ ਸਿੱਖ ਗੁਰਦੁਆਰਾ ਭਾਈਚਾਰੇ ਨੇ ਸਤਨਾਮ ਸਿੰਘ ਸੰਧੂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਾਸਪੋਰਟ ਰੀਨਿਊ ਤੇ ਹੋਰ ਜ਼ਰੂਰੀ ਦਸਤਾਵੇਜ਼ ਸਮੇਂ ਸਿਰ ਨਾ ਮਿਲਣ ਕਾਰਨ 'ਚ ਨਾ ਰਹਿੰਦੀਆਂ ਮੁਸ਼ਕਲਾਂ ਕਾਰਨ ਹਜ਼ਾਰਾਂ ਲੋਕ ਪ੍ਰਭਾਵਿਤ ਹੋ ਰਹੇ ਸਨ ਪਰ ਸੰਧੂ ਦੇ ਦਖ਼ਲ ਤੋਂ ਬਾਅਦ ਮਾਮਲੇ ਦੇ ਹੱਲ ਲਈ ਤੇਜ਼ ਕਾਰਵਾਈ ਹੋਈ। ਸਪੇਨ 'ਚ ਰਹਿੰਦੇ ਭਾਰਤੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਐੱਮ.ਪੀ. ਸੰਧੂ ਵੱਲੋਂ ਇਹ ਮੁੱਦਾ ਕੇਂਦਰ ਸਰਕਾਰ ਤੇ ਵਿਦੇਸ਼ ਮੰਤਰਾਲੇ ਕੋਲ ਉਠਾਏ ਜਾਣ ਤੋਂ ਬਾਅਦ ਮੈਡਰਿਡ 'ਚ ਕਰੀਬ 21 ਹਜ਼ਾਰ ਤੇ ਬਾਰਸੀਲੋਨਾ 'ਚ ਕਰੀਬ 20 ਹਜ਼ਾਰ ਪੈਂਡਿੰਗ ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ। ਇਸ ਤਰ੍ਹਾਂ ਕੁੱਲ 41 ਹਜ਼ਾਰ ਤੋਂ ਵੱਧ ਅਰਜ਼ੀਆਂ ਦਾ ਹੱਲ ਹੋਣ ਨਾਲ ਹਜ਼ਾਰਾਂ ਭਾਰਤੀ ਪਰਿਵਾਰਾਂ ਨੂੰ ਰਾਹਤ ਮਿਲੀ ਹੈ।

ਬਾਰਸੀਲੋਨਾ 'ਚ ਅਜੇ ਵੀ 150 ਮਾਮਲੇ ਬਾਕੀ

ਪ੍ਰਵਾਸੀ ਭਾਰਤੀਆਂ ਨੇ ਦੱਸਿਆ ਕਿ ਬਾਰਸੀਲੋਨਾ 'ਚ ਅਜੇ ਵੀ ਲਗਭਗ 150 ਮਾਮਲੇ ਪੈਂਡਿੰਗ ਹਨ, ਜੋ ਦਸਤਾਵੇਜ਼ਾਂ ਨਾਲ ਜੁੜੀਆਂ ਤਕਨੀਕੀ ਜਾਂ ਪ੍ਰਸ਼ਾਸਨਿਕ ਸਮੱਸਿਆਵਾਂ ਕਾਰਨ ਰੁਕੇ ਹੋਏ ਹਨ। ਉਨ੍ਹਾਂ ਐੱਮ.ਪੀ. ਸੰਧੂ ਨੂੰ ਅਪੀਲ ਕੀਤੀ ਕਿ ਉਹ ਇਹ ਮਾਮਲਾ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦੇ ਧਿਆਨ 'ਚ ਵੀ ਲਿਆਉਣ ਤਾਂ ਜੋ ਬਾਕੀ ਰਹਿੰਦੇ ਕੇਸਾਂ ਦਾ ਵੀ ਜਲਦ ਨਿਪਟਾਰਾ ਹੋ ਸਕੇ।

ਬਾਕੀ ਮਾਮਲਿਆਂ ਦੇ ਹੱਲ ਲਈ ਹਰ ਸੰਭਵ ਯਤਨ ਕਰਾਂਗਾ : ਸੰਧੂ

ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਉਹ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨਾਲ ਇਸ ਮੁੱਦੇ 'ਤੇ ਦੁਬਾਰਾ ਗੱਲਬਾਤ ਕਰਨਗੇ ਤੇ ਬਾਰਸੀਲੋਨਾ 'ਚ ਬਾਕੀ ਰਹਿੰਦੇ ਮਾਮਲਿਆਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਦੇਸ਼ਾਂ 'ਚ ਰਹਿੰਦੇ ਭਾਰਤੀਆਂ ਦੀਆਂ ਸਮੱਸਿਆਵਾਂ ਪ੍ਰਤੀ ਸੰਵੇਦਨਸ਼ੀਲ ਹੈ ਤੇ ਅਜਿਹੇ ਮਾਮਲਿਆਂ 'ਚ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ।

ਰਾਹੁਲ ਗਾਂਧੀ, ਖੜਗੇ ਤੇ 98 ਸੰਸਦ ਮੈਂਬਰਾਂ ਖਿਲਾਫ ਪਠਾਨਕੋਟ ਅਦਾਲਤ ਨੇ ਖਾਰਿਜ ਕੀਤਾ ਮਾਮਲਾ



ਪਠਾਨਕੋਟ, 6 ਜੂਨ (ਕੰਵਲ)–ਪਠਾਨਕੋਟ ਦੀ ਅਦਾਲਤ ਨੇ ਰਾਹੁਲ ਗਾਂਧੀ, ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮੱਲਿਕਾਰਜੁਨ ਖੜਗੇ ਅਤੇ 98 ਸੰਸਦ ਮੈਂਬਰਾਂ ਖਿਲਾਫ ਦਾਇਰ ਮਾਮਲਾ ਖਾਰਿਜ ਕਰ ਦਿੱਤਾ ਹੈ, ਜੋ ਸ਼ਿਕਾਇਤਕਰਤਾ ਤਰਸੇਮ ਲਾਲ ਨੇ ਦਰਜ ਕਰਵਾਇਆ ਸੀ।

ਵਕੀਲ ਵਿਕਰਾਂਤ ਮਹਾਜਨ ਨੇ ਦੱਸਿਆ ਕਿ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਤਰਸੇਮ ਲਾਲ ਨੇ ਪਠਾਨਕੋਟ ਅਦਾਲਤ 'ਚ ਰਾਹੁਲ ਗਾਂਧੀ, ਮੱਲਿਕਾਰਜੁਨ ਖੜਗੇ ਅਤੇ 98 ਸੰਸਦ ਮੈਂਬਰਾਂ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕਰਵਾਇਆ ਸੀ।

ਇਸ 'ਚ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਸੀ ਕਿ ਕਾਂਗਰਸ ਪਾਰਟੀ ਨੇ ਵੋਟਰਾਂ ਨੂੰ ਲੁਭਾਉਣ ਲਈ ਆਪਣੇ ਚੋਣ ਮਨੋਰਥ ਪੱਤਰ 'ਚ ਹਰ ਮਹੀਨੇ 8500 ਰੁਪਏ ਦੇਣ ਦਾ ਵਾਅਦਾ ਕੀਤਾ ਸੀ, ਜੋ ਕਿ ਵਿਸ਼ਵਾਸਘਾਤ ਹੈ। ਪਠਾਨਕੋਟ ਅਦਾਲਤ ਨੇ ਇਹ ਕਹਿੰਦੇ ਹੋਏ ਮਾਮਲਾ ਖਾਰਿਜ ਕਰ ਦਿੱਤਾ ਕਿ ਸਾਰੀਆਂ ਪਾਰਟੀਆਂ ਆਪਣੇ ਚੋਣ ਮਨੋਰਥ ਪੱਤਰ ਜਾਰੀ ਕਰਦੀਆਂ ਹਨ ਅਤੇ ਇਹ ਧੋਖਾਦੇਹੀ ਦੇ ਘੇਰੇ 'ਚ ਨਹੀਂ ਆਉਂਦਾ। ਅਦਾਲਤ ਵੱਲੋਂ ਮਾਮਲਾ ਖਾਰਿਜ ਕੀਤੇ ਜਾਣ ਤੋਂ ਬਾਅਦ ਰਾਹੁਲ ਗਾਂਧੀ ਅਤੇ 98 ਸੰਸਦ ਮੈਂਬਰਾਂ ਨੂੰ ਵੱਡੀ ਰਾਹਤ ਮਿਲੀ ਹੈ।

ਕੇਵਲ ਸਿੰਘ ਢਿੱਲੋਂ ਨੇ ਜੇ. ਪੀ. ਨੱਡਾ, ਨਿਤਿਨ ਨਬੀਨ ਅਤੇ ਰੇਖਾ ਗੁਪਤਾ ਨਾਲ ਕੀਤੀ ਮੁਲਾਕਾਤ

ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਗੁਲਦਸਤਾ ਭੇਟ ਕਰਦੇ ਕੇਵਲ ਸਿੰਘ ਢਿੱਲੋਂ।

ਚੰਡੀਗੜ੍ਹ, 6 ਜੂਨ (ਅੰਕੁਰ, ਹਰਿਸ਼ਚੰਦਰ)–ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ 6 ਜੂਨ ਸਿੱਖ ਇਤਿਹਾਸ ਦੇ ਸਭ ਤੋਂ ਦੁੱਖਦਾਈ ਅਤੇ ਪੀੜਾਦਾਇਕ ਦਿਨਾਂ ਵਿਚੋਂ ਇਕ ਹੈ ਕਿਉਂਕਿ ਇਹ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਕੀਤੀ ਗਈ ਫ਼ੌਜੀ ਕਾਰਵਾਈ ਦੀ ਯਾਦ ਦਿਵਾਉਂਦਾ ਹੈ, ਜਿਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਆਪਣੇ ਦਿੱਲੀ ਦੌਰੇ ਦੌਰਾਨ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂ ਸਾਹਿਬ ਦੇ ਚਰਨਾਂ ਵਿਚ ਨਤਮਸਤਕ ਹੋ ਕੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ, ਨਾਲ ਹੀ ਪੰਜਾਬ ਅਤੇ ਦੇਸ਼ ਦੀ ਸ਼ਾਂਤੀ, ਸਦਭਾਵਨਾ ਅਤੇ ਖੁਸ਼ਹਾਲੀ ਦੀ ਅਰਦਾਸ ਕੀਤੀ।

ਕੇਵਲ ਸਿੰਘ ਢਿੱਲੋਂ ਨੇ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿਚ ਕੇਂਦਰੀ ਸਿਹਤ ਮੰਤਰੀ ਜੇ. ਪੀ. ਨੱਡਾ, ਭਾਜਪਾ ਦੇ ਰਾਸ਼ਟਰੀ ਅਹੁਦੇਦਾਰ ਨਿਤਿਨ ਨਬੀਨ ਅਤੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨਾਲ ਮੁਲਾਕਾਤ ਕੀਤੀ। ਦਿੱਲੀ ਦੌਰੇ ਦੇ ਤੀਜੇ ਦਿਨ ਢਿੱਲੋਂ ਨੇ ਰਾਜ ਸਭਾ ਵਿਚ ਸਦਨ ਦੇ ਨੇਤਾ ਅਤੇ ਕੇਂਦਰੀ ਸਿਹਤ ਮੰਤਰੀ ਨੱਢਾ ਨਾਲ ਮੁਲਾਕਾਤ ਦੌਰਾਨ ਭਰੋਸਾ ਦਿੱਤਾ ਕਿ ਉਹ ਪਾਰਟੀ ਨੂੰ ਪੰਜਾਬ ਦੇ ਕੋਨੇ-ਕੋਨੇ ਤੱਕ ਮਜ਼ਬੂਤ ਕਰਨ ਲਈ ਪੂਰੇ ਸਮਰਪਣ ਨਾਲ ਕੰਮ ਕਰਨਗੇ।

ਢਿੱਲੋਂ ਨੇ ਭਿੰਡਰਪੁਰ ਵਿਚ ਪੀ. ਜੀ. ਆਈ. ਸੈਟੇਲਾਈਟ ਸੈਂਟਰ ਦੇ ਨਿਰਮਾਣ ਕਾਰਜ ਨੂੰ ਜਲਦੀ ਪੂਰਾ ਕਰਨ ਦੇ ਨਾਲ ਹੀ ਉਸ ਨੂੰ ਜਲਦ ਸ਼ੁਰੂ ਕਰਨ ਦੀ ਮੰਗ ਉਠਾਈ। ਢਿੱਲੋਂ ਨੇ ਨਿਤਿਨ ਨਬੀਨ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਪੰਜਾਬ ਭਾਜਪਾ ਦੀ ਕਮਾਨ ਸੌਂਪਣ ਲਈ ਰਾਸ਼ਟਰੀ ਲੀਡਰਸ਼ਿਪ ਦਾ ਧੰਨਵਾਦ ਪ੍ਰਗਟਾਇਆ ਅਤੇ ਭਰੋਸਾ ਦਿੱਤਾ ਕਿ ਉਹ ਪਾਰਟੀ ਦੇ ਹਰ ਵਰਗ ਨੂੰ ਨਾਲ ਲੈ ਕੇ ਚੱਲਣਗੇ।

ਪੰਜਾਬ ਭਾਜਪਾ ਪ੍ਰਧਾਨ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨਾਲ ਵੀ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਸ ਮੌਕੇ ਦਿੱਲੀ ਸਰਕਾਰ ਵਿਚ ਵਾਤਾਵਰਣ, ਜੰਗਲਾਤ ਅਤੇ ਜੰਗਲੀ ਜੀਵ ਮੰਤਰੀ ਮਨਜਿੰਦਰ ਸਿੰਘ ਸਿਰਸਾ ਵੀ ਮੌਜੂਦ ਸਨ।

ਨਸ਼ੇ ਲਈ ਤਲਾਕਸ਼ੁਦਾ ਪਤਨੀ ਦੇ ਨਵਜੰਮੇ ਬੱਚੇ ਨੂੰ 5 ਲੱਖ 'ਚ ਵੇਚਿਆ

■ ਮਿਲੇ ਪੈਸਿਆਂ ਨਾਲ ਦੂਜੀ ਪਤਨੀ ਲਈ ਕੂਲਰ ਅਤੇ ਐੱਲ. ਈ. ਡੀ. ਖ਼ਰੀਦੀ, ਮਾਂ ਨੂੰ ਕਿਹਾ-ਬੱਚਾ ਮਰ ਗਿਆ

ਚੋਰੀ ਕਰ ਕੇ ਵੇਚਿਆ ਗਿਆ ਨਵਜੰਮਿਆ ਬੱਚਾ। (ਦੀਪਕ)



ਜਾਣਕਾਰੀ ਦਿੰਦੀ ਸ਼ਿਵਾਨੀ। (ਦੀਪਕ)

ਜਲੰਧਰ, 6 ਜੂਨ (ਸ. ਹ.)–ਜਲੰਧਰ ਵਿਚ ਚਿੱਟੇ ਦੇ ਨਸ਼ੇ ਲਈ ਇਕ ਵਿਅਕਤੀ ਨੇ ਤਲਾਕਸ਼ੁਦਾ ਪਤਨੀ ਦਾ 16 ਦਿਨਾਂ ਦਾ ਬੱਚਾ ਵੇਚ ਦਿੱਤਾ। ਦੋਸ਼ ਹੈ ਕਿ ਮੁਲਜ਼ਮ ਨੇ 5 ਲੱਖ ਰੁਪਏ ਵਿਚ ਅੰਮ੍ਰਿਤਸਰ ਦੀ ਇਕ ਔਰਤ ਨੂੰ ਬੱਚਾ ਵੇਚ ਦਿੱਤਾ। ਬੱਚਾ ਜਦੋਂ ਚੁੱਪ ਨਾ ਹੋਇਆ ਤਾਂ ਉਸੇ ਔਰਤ ਨੇ ਉਸ ਨੂੰ ਫੋਨ ਕਰ ਕੇ ਕਹਿ ਦਿੱਤਾ ਕਿ ਬੱਚਾ ਨਹੀਂ ਸੰਭਲ ਰਿਹਾ, ਪੈਸੇ ਮੋੜ ਕੇ ਇਸ ਨੂੰ ਲੈ ਜਾਓ।

ਜਾਣਕਾਰੀ ਦਿੰਦਿਆਂ ਸ਼ਿਵਾਨੀ ਨਿਵਾਸੀ ਨੇੜੇ ਕ੍ਰਿਸ਼ਨਾ ਸਵੀਟਸ ਰਾਮਾ ਮੰਡੀ ਨੇ ਦੱਸਿਆ ਕਿ ਬੱਚਾ ਵੇਚਣ ਵਾਲੇ ਉਸ ਦੇ ਪਹਿਲੇ ਪਤੀ ਨੇ ਆਪਣੇ ਇੰਸਟਾਗ੍ਰਾਮ 'ਤੇ ਨੋਟਾਂ ਦੀਆਂ ਗੱਡੀਆਂ ਦੀ ਸਟੋਰੀ ਤੱਕ ਲਾ ਦਿੱਤੀ ਸੀ। ਜਿਵੇਂ ਹੀ ਉਸ ਨੇ ਸਟੋਰੀ ਦੇਖੀ ਤਾਂ ਉਸ ਨੇ ਤੁਰੰਤ ਉਸ ਨੂੰ ਡਿਲੀਟ ਕਰ ਦਿੱਤਾ। ਇਸ ਤੋਂ ਬਾਅਦ ਮੁਲਜ਼ਮ ਨੇ ਬੱਚੇ ਨੂੰ ਵੇਚ ਕੇ ਮਿਲੇ ਪੈਸਿਆਂ ਨਾਲ ਐੱਲ. ਈ. ਡੀ., ਕੂਲਰ ਅਤੇ ਹੋਰ ਸਾਮਾਨ ਵੀ ਖਰੀਦ ਲਿਆ। ਜਦੋਂ ਉਸ ਨੇ ਮੁਲਜ਼ਮ ਤੋਂ ਬੱਚੇ ਬਾਰੇ ਪੁੱਛਿਆ ਤਾਂ ਉਸ ਨੇ ਝੂਠ ਕਿਹਾ ਕਿ ਬੱਚਾ ਮਰ ਗਿਆ ਅਤੇ ਅਸੀਂ ਉਸ ਨੂੰ ਦਫਨਾ ਦਿੱਤਾ ਹੈ। ਇਹੀ ਨਹੀਂ, ਉਸ ਨੂੰ ਧਮਕੀ ਦਿੱਤੀ ਕਿ ਉਸ ਨੇ ਨਵਾਂ ਪਿਸਤੌਲ ਖਰੀਦਿਆ ਹੈ।

ਜੇਕਰ ਕਿਤੇ ਸ਼ਿਕਾਇਤ ਕੀਤੀ ਤਾਂ ਦੇਖ ਲੈਣਾ। ਸ਼ਿਵਾਨੀ ਨੂੰ ਜਦੋਂ ਉਸ ਦਾ ਬੱਚਾ ਨਾ ਮਿਲਿਆ ਤਾਂ ਮਜਬੂਰ ਹੋ ਕੇ ਉਸ ਨੇ ਜਲੰਧਰ ਦੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਕਰ ਦਿੱਤੀ। ਪੁਲਸ ਕਮਿਸ਼ਨਰ ਨੇ ਰਾਮਾ ਮੰਡੀ ਦੇ ਐੱਸ. ਐੱਚ. ਓ. ਨੂੰ ਜਾਂਚ ਦਾ ਹੁਕਮ ਦਿੱਤਾ ਹੈ।

4 ਸਾਲ ਪਹਿਲਾਂ ਤਲਾਕ ਹੋਇਆ, ਫਿਰ ਦੂਜੇ ਪਤੀ ਤੋਂ ਵੀ ਹੋਈ ਵੱਖ

ਸ਼ਿਵਾਨੀ ਨੇ ਦੱਸਿਆ ਕਿ 12 ਸਾਲ ਪਹਿਲਾਂ ਉਸ ਦਾ ਸ਼ਿਵਾ ਨਾਂ ਦੇ ਲੜਕੇ ਨਾਲ ਵਿਆਹ ਹੋਇਆ ਸੀ। ਵਿਆਹ ਦੇ ਬਾਅਦ ਉਸ ਦੇ ਘਰ ਬੇਟਾ ਅਤੇ ਬੇਟੀ ਪੈਦਾ ਹੋਏ। ਉਸ ਦਾ ਬੇਟਾ 5ਵੀਂ ਜਮਾਤ ਵਿਚ ਪੜ੍ਹ ਰਿਹਾ ਹੈ। 4 ਸਾਲ ਪਹਿਲਾਂ ਘਰੇਲੂ ਵਿਵਾਦ ਕਾਰਨ ਸ਼ਿਵਾ ਨੇ ਪੰਚਾਇਤ ਵਿਚ ਉਸ ਤੋਂ ਤਲਾਕ ਲੈ ਲਿਆ। ਸ਼ਿਵਾ ਨੇ ਦੂਜਾ ਵਿਆਹ ਕੀਤਾ ਤਾਂ ਉਸ ਨੇ ਵੀ ਦੂਜਾ ਵਿਆਹ ਕਰਵਾ ਲਿਆ। ਇਸ ਵਿਚਕਾਰ ਉਹ ਗਰਭਵਤੀ ਹੋਈ। ਲੱਗਭਗ 3 ਮਹੀਨੇ ਪਹਿਲਾਂ ਉਸ ਦੀ ਆਪਣੇ ਪਤੀ ਨਾਲ ਅਣਬਣ ਹੋ ਗਈ। ਇਸ ਤੋਂ ਗੁੱਸੇ ਵਿਚ ਆ ਕੇ ਉਹ ਕਿਰਾਏ 'ਤੇ ਕਮਰਾ ਲੈ ਕੇ ਵੱਖ ਰਹਿਣ ਲੱਗੀ।

21 ਮਈ ਨੂੰ ਸਿਵਲ ਹਸਪਤਾਲ ਜਲੰਧਰ ਵਿਚ ਉਸ ਦੀ ਡਿਲੀਵਰੀ ਹੋਈ। ਵੱਖ ਰਹਿਣ ਦੀ ਭਿਣਕ ਲੱਗਣ 'ਤੇ ਉਸ ਦਾ ਪਹਿਲਾ ਪਤੀ ਪਹਿਲੇ ਵਿਆਹ ਤੋਂ ਹੋਏ ਬੱਚਿਆਂ ਨੂੰ ਨਾਲ ਲੈ ਕੇ ਆਉਣ ਲੱਗਾ। ਉਸ ਨੇ ਕਿਹਾ ਕਿ ਚਿੰਤਾ ਨਾ ਕਰੋ, ਉਹ ਉਸ ਦੀ ਡਿਲੀਵਰੀ ਕਰਵਾ ਦੇਵੇਗਾ। ਜਦੋਂ ਉਸ ਨੂੰ ਗਰਭ ਪੀੜਾਂ ਹੋਣ ਲੱਗੀਆਂ ਤਾਂ ਪਹਿਲਾ ਪਤੀ ਉਸ ਨੂੰ ਸਿਵਲ ਹਸਪਤਾਲ ਜਲੰਧਰ ਲੈ ਕੇ ਗਿਆ। ਉਥੇ ਉਸ ਦੀ ਨਾਰਮਲ ਡਿਲੀਵਰੀ ਹੋਈ। ਉਹ ਆਪਣੀ ਦੂਜੀ ਪਤਨੀ ਅਤੇ ਇਕ ਲੜਕੀ ਨੂੰ ਵੀ ਨਾਲ ਲੈ ਕੇ ਆਇਆ। ਉਸ ਦੀ ਪਤਨੀ ਨੇ ਉਸ ਦੇ ਬੱਚੇ ਨੂੰ ਦੁੱਧ ਪਿਆਇਆ ਅਤੇ ਨੇੜਤਾ ਵਧਾ ਲਈ।

ਟੀਕਾਕਰਨ ਦੇ ਬਹਾਨੇ ਟ੍ਰੈਪ 'ਚ ਫਸਾਇਆ

ਸ਼ਿਵਾਨੀ ਨੇ ਦੱਸਿਆ ਕਿ 25 ਮਈ ਨੂੰ ਉਸ ਦੇ ਪਤੀ ਨੇ ਕਿਹਾ ਕਿ ਬੱਚੇ ਦਾ ਟੀਕਾਕਰਨ ਹੋਵੇਗਾ। ਉਸ ਨੇ ਇਕ ਲੜਕੀ ਨੂੰ ਉਸ ਦੇ ਕਮਰੇ ਵਿਚ ਭੇਜਿਆ। ਲੜਕੀ ਨੇ ਕਿਹਾ ਕਿ ਉਹ ਬੱਚੇ ਦਾ ਟੀਕਾਕਰਨ ਕਰਵਾ ਦੇਵੇਗੀ। ਉਸ ਦਾ ਵੱਡਾ ਬੇਟਾ ਵਿਹੜੇ ਵਿਚ ਖੇਡ ਰਿਹਾ ਸੀ। ਇਸੇ ਵਿਚਕਾਰ ਉਹ ਵਾਸ਼ਰੂਮ ਗਈ ਤਾਂ ਲੜਕੀ ਬੱਚਾ ਲੈ ਕੇ ਗਾਇਬ ਹੋ ਗਈ। ਦੋਸ਼ ਹੈ ਕਿ ਬੱਚਾ ਗਾਇਬ ਹੋਣ ਦੇ 4 ਦਿਨ ਬਾਅਦ ਉਸ ਨੂੰ ਇਕ ਅਣਪਛਾਤੀ ਔਰਤ ਦਾ ਫੋਨ ਆਇਆ ਅਤੇ ਉਸ ਨੇ ਦੱਸਿਆ ਕਿ ਉਸ ਦਾ ਬੱਚਾ ਉਸ ਦੇ ਕੋਲ ਹੈ।

ਬੱਚਾ ਸੰਭਾਲਿਆ ਨਹੀਂ ਜਾ ਰਿਹਾ। ਉਸ ਦਾ ਪੈਸਾ ਮੋੜ ਦਿਓ ਅਤੇ ਬੱਚਾ ਲੈ ਜਾਓ। ਸ਼ਿਵਾਨੀ ਨੇ ਦੱਸਿਆ ਕਿ ਜਿਵੇਂ ਹੀ ਉਸ ਨੇ ਉਸ ਦੇ ਫੋਨ ਦੀ ਰਿਕਾਰਡਿੰਗ ਸ਼ੁਰੂ ਕੀਤੀ ਤਾਂ ਉਸ ਨੇ ਫੋਨ ਕੱਟ ਦਿੱਤਾ ਅਤੇ ਫਿਰ ਫੋਨ ਸਵਿੱਚ ਆਫ ਕਰ ਲਿਆ। ਹੁਣ ਉਸ ਦਾ ਫੋਨ ਨਹੀਂ ਮਿਲ ਰਿਹਾ। ਔਰਤ ਨੇ ਖੁਦ ਨੂੰ ਅੰਮ੍ਰਿਤਸਰ ਦੀ ਰਹਿਣ ਵਾਲੀ ਦੱਸਿਆ ਸੀ।

ਸ਼ਿਵਾਨੀ ਨੇ ਦੱਸਿਆ ਕਿ ਬੱਚੇ ਦਾ ਪਤਾ ਲਾਉਣ ਲਈ ਉਸ ਨੇ ਆਪਣੇ ਪਹਿਲੇ ਪਤੀ ਨੂੰ ਫੋਨ ਕੀਤਾ ਤਾਂ ਉਸ ਦੀ ਪਤਨੀ ਨੇ ਫੋਨ ਚੁੱਕਿਆ। ਬੱਚੇ ਬਾਰੇ ਪੁੱਛਣ 'ਤੇ ਉਸ ਨੇ ਕਿਹਾ ਕਿ ਬੱਚਾ ਤਾਂ ਮਰ ਗਿਆ ਹੈ ਅਤੇ ਉਸ ਨੂੰ ਅਸੀਂ ਦਫਨਾ ਦਿੱਤਾ ਹੈ। ਇਸ ਤੋਂ ਬਾਅਦ ਜਦੋਂ ਉਸ ਨੇ ਮੁਹੱਲੇ ਦੇ ਲੋਕਾਂ ਨਾਲ ਗੱਲ ਕੀਤੀ ਤਾਂ ਪਤਾ ਲੱਗਾ ਕਿ ਬੱਚਾ ਮਰਿਆ ਨਹੀਂ ਹੈ, ਉਸ ਨੂੰ ਵੇਚਿਆ ਗਿਆ ਹੈ। ਸ਼ਿਵਾਨੀ ਨੇ ਦੱਸਿਆ ਕਿ 25 ਮਈ ਨੂੰ ਉਸ ਦਾ ਬੱਚਾ ਗਾਇਬ ਹੋਇਆ ਸੀ। ਇਸ ਤੋਂ ਬਾਅਦ ਉਹ ਆਪਣੇ ਪੱਧਰ 'ਤੇ ਉਸ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰਦੀ ਰਹੀ। ਉਸ ਨੂੰ ਡਰ ਸੀ ਕਿ ਉਹ ਇਸ ਬਾਰੇ ਆਪਣੇ ਪਤੀ ਅਤੇ ਸੱਸ ਨੂੰ ਕਿਵੇਂ ਦੱਸੇਗੀ, ਉਨ੍ਹਾਂ ਨੂੰ ਤਾਂ ਡਿਲੀਵਰੀ ਹੋਣ ਦਾ ਵੀ ਪਤਾ ਨਹੀਂ ਸੀ।

ਇਸੇ ਵਿਚਕਾਰ 29 ਮਈ ਨੂੰ ਉਸ ਨੇ ਹਿੰਮਤ ਕਰਦਿਆਂ ਪਤੀ ਨੂੰ ਫੋਨ ਕੀਤਾ ਅਤੇ ਉਸ ਨੂੰ ਪੂਰੀ ਗੱਲ ਦੱਸੀ। ਇਸ ਤੋਂ ਬਾਅਦ ਉਸ ਦੀ ਸੱਸ ਉਸ ਦੇ ਕਮਰੇ ਵਿਚ ਆਈ ਅਤੇ ਫਿਰ ਪੁਲਸ ਨੂੰ ਸ਼ਿਕਾਇਤ ਕੀਤੀ। ਸ਼ਿਵਾਨੀ ਨੇ ਪੁਲਸ ਕਮਿਸ਼ਨਰ ਤੋਂ ਮੰਗ ਕੀਤੀ ਕਿ ਉਸ ਦਾ ਬੱਚਾ ਉਸ ਨੂੰ ਵਾਪਸ ਦਿਵਾਇਆ ਜਾਵੇ।

ਮਾਮਲਾ ਯੂਥ ਅਕਾਲੀ ਆਗੂ ਵਿੱਕੀ ਮਿੱਡੂਖੇੜਾ ਦੇ ਕਤਲ ਦਾ

ਖਾਲਿਸਤਾਨ ਲਿਬਰੇਸ਼ਨ ਨਾਲ ਸਬੰਧਤ ਗੁਗਨੀ ਖ਼ਿਲਾਫ਼ ਚਾਰਜਸ਼ੀਟ ਦਾਖ਼ਲ

ਮੋਹਾਲੀ, 6 ਜੂਨ (ਜੱਸੀ)–ਯੂਥ ਅਕਾਲੀ ਆਗੂ ਤੇ ਸੋਪੂ ਨਾਲ ਜੁੜੇ ਵਿਕਰਮਜੀਤ ਸਿੰਘ ਕੁਲਾਰ ਉਰਫ਼ ਵਿੱਕੀ ਮਿੱਡੂਖੇੜਾ ਦੇ ਬਹੁ-ਚਰਚਿਤ ਕਤਲ ਮਾਮਲੇ 'ਚ ਮੋਹਾਲੀ ਪੁਲਸ ਨੇ ਇਕ ਹੋਰ ਅਹਿਮ ਕਦਮ ਚੁੱਕਦਿਆਂ ਖਾਲਿਸਤਾਨ ਲਿਬਰੇਸ਼ਨ ਨਾਲ ਸਬੰਧਤ ਮੁਲਜ਼ਮ ਧਰਮਿੰਦਰ ਗੁਗਨੀ ਖ਼ਿਲਾਫ਼ ਵਧੀਕ ਜ਼ਿਲਾ ਤੇ ਸੈਸ਼ਨ ਜੱਜ ਦੀ ਅਦਾਲਤ 'ਚ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ। ਅਦਾਲਤ ਨੇ ਗੁਗਨੀ ਦੇ ਪ੍ਰੋਡਕਸ਼ਨ ਵਾਰੰਟ ਜਾਰੀ ਕਰਦਿਆਂ ਉਸ ਨੂੰ 27 ਜੁਲਾਈ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਇਸ ਵੇਲੇ ਗੁਗਨੀ ਪਟਿਆਲਾ ਜੇਲ 'ਚ ਬੰਦ ਹੈ।

ਦੱਸਣਯੋਗ ਹੈ ਕਿ ਮਾਮਲੇ 'ਚ ਅਦਾਲਤ ਪਹਿਲਾਂ ਹੀ ਅਜੇ ਉਰਫ਼ ਲੈਫਟੀ, ਸੱਜਣ ਉਰਫ਼ ਭੋਲੂ ਤੇ ਅਨਿਲ ਲੱਠ ਨੂੰ ਦੋਸ਼ੀ ਕਰਾਰ ਦੇ ਚੁੱਕੀ ਹੈ। ਤਿੰਨਾਂ ਨੂੰ 7-7 ਸਾਲ ਕੈਦ ਤੇ ਧਾਰਾ 452 ਤਹਿਤ 1-1 ਸਾਲ ਦੀ ਵਾਧੂ ਸਜ਼ਾ ਸੁਣਾਈ ਗਈ ਸੀ। ਨਾਲ ਹੀ ਅਦਾਲਤ ਨੇ ਤਿੰਨਾਂ ਦੋਸ਼ੀਆਂ 'ਤੇ ਢਾਈ-ਢਾਈ ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ ਸੀ।

ਮਾਮਲੇ 'ਚ ਨਾਮਜ਼ਦ ਗੈਂਗਸਟਰ ਕੌਸ਼ਲ ਚੌਧਰੀ, ਅਮਿਤ ਡਾਗਰ ਤੇ ਭੁਪਿੰਦਰ ਸਿੰਘ ਉਰਫ਼ ਭੂਪੀ ਰਾਣਾ ਨੂੰ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਸੀ। ਜਾਂਚ ਨਾਲ ਜੁੜੇ ਸੂਤਰਾਂ ਅਨੁਸਾਰ ਅਰਮੀਨੀਆ ਦੀ ਜੇਲ 'ਚ ਬੰਦ ਗੈਂਗਸਟਰ ਗੌਰਵ ਉਰਫ਼ ਲੱਕੀ ਪਟਿਆਲ ਤੇ ਗਾਇਕ ਸਿੱਧੂ ਮੂਸੇਵਾਲਾ ਦੇ ਸਾਬਕਾ ਮੈਨੇਜਰ ਸ਼ਗਨਪ੍ਰੀਤ ਸਿੰਘ ਸਮੇਤ ਕੁਝ ਹੋਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਾ ਹੋਣ ਕਾਰਨ ਪੁਲਸ ਵੱਲੋਂ ਉਨ੍ਹਾਂ ਖ਼ਿਲਾਫ਼ ਹਾਲੇ ਤੱਕ ਚਾਰਜਸ਼ੀਟ ਦਾਖ਼ਲ ਨਹੀਂ ਕੀਤੀ ਗਈ।

ਸੈਂਟ੍ਰਲ ਬੈਂਕ ਆੱਫ਼ ਇੰਡਿਆ
Central Bank of India
"CENTRAL TO YOU SINCE 1911"

ਖੇਤਰੀ ਦਫ਼ਤਰ: ਐਸ.ਸੀ.ਓ. 30-31, ਤੀਜੀ ਮੰਜ਼ਿਲ, ਗੁਰੂ ਰਾਮ ਦਾਸ ਡਿਵਾਈਨ ਟਾਵਰ, ਪੁੱਡਾ ਕੰਪਲੈਕਸ, ਜਲੰਧਰ – 144001
ਈਮੇਲ: gadjalaro@centralbank.bank.in

ਲੀਜ਼ ਅਧਾਰ 'ਤੇ ਪਰਿਸਰ ਪ੍ਰਾਪਤ ਕਰਨ ਲਈ ਟੈਂਡਰਾਂ ਦੀ ਮੰਗ।

ਸੈਂਟ੍ਰਲ ਬੈਂਕ ਆਫ ਇੰਡਿਆ ਨੂੰ ਆਦਮਪੁਰ ਵਿੱਚ ਖੋਲ੍ਹੀ ਜਾਣ ਵਾਲੀ ਆਪਣੀ ਸ਼ਾਖਾ ਲਈ ਪਾਰਕਿੰਗ ਸੁਵਿਧਾ ਸਮੇਤ 900 ਤੋਂ 1300 ਵਰਗ ਫੁੱਟ ਕਾਰਪੇਟ ਏਰੀਆ ਵਾਲੇ, ਤਰਜੀਹੀ ਤੌਰ 'ਤੇ ਭੂਤਲ (Ground Floor) 'ਤੇ ਸਥਿਤ ਅਜਿਹੇ ਪਰਿਸਰ ਦੀ ਲੋੜ ਹੈ, ਜੋ ਤੁਰੰਤ ਕਬਜ਼ੇ ਲਈ ਤਿਆਰ ਹੋਵੇ ਜਾਂ ਜਿਸ ਦਾ ਕਬਜ਼ਾ 3 ਮਹੀਨਿਆਂ ਦੇ ਅੰਦਰ ਪ੍ਰਾਪਤ ਕੀਤਾ ਜਾ ਸਕੇ। ਦਲਾਲਾਂ ਜਾਂ ਵਿਚੋਲਿਆਂ ਰਾਹੀਂ ਪ੍ਰਾਪਤ ਪ੍ਰਸਤਾਵਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਸਰਕਾਰੀ/ਅਰਧ-ਸਰਕਾਰੀ ਸੰਸਥਾਵਾਂ ਜਾਂ ਸਰਕਾਰੀ ਖੇਤਰ ਦੇ ਉਪਕਰਮਾਂ ਤੋਂ ਪ੍ਰਾਪਤ ਪ੍ਰਸਤਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇਸ ਸੰਬੰਧੀ ਫਾਰਮੈਟ, ਨਿਯਮਾਂ ਅਤੇ ਸ਼ਰਤਾਂ ਸਾਡੀ ਵੈੱਬਸਾਈਟ https://www.centralbankofindia.bank.in ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ ਜਾਂ ਐਸ.ਸੀ.ਓ. 30-31, ਤੀਜੀ ਮੰਜ਼ਿਲ, ਗੁਰੂ ਰਾਮ ਦਾਸ ਡਿਵਾਈਨ ਟਾਵਰ, ਪੁੱਡਾ ਕੰਪਲੈਕਸ, ਜਲੰਧਰ – 144001 ਸਥਿਤ ਖੇਤਰੀ ਦਫ਼ਤਰ ਤੋਂ ਦਫ਼ਤਰੀ ਸਮੇਂ ਦੌਰਾਨ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਪ੍ਰਸਤਾਵ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 26.06.2026 ਸ਼ਾਮ 5:00 ਵਜੇ ਤੱਕ ਹੈ।

ਖੇਤਰੀ ਮੁਖੀ
ਕ੍ਰਿਤੇ ਸੈਂਟ੍ਰਲ ਬੈਂਕ ਆਫ ਇੰਡਿਆ
ਖੇਤਰੀ ਦਫ਼ਤਰ, ਜਲੰਧਰ।

ignou THE PEOPLE'S UNIVERSITY

Indira Gandhi National Open University
Regional Centre, I.T.I. Building, Bulepur,
KHANNA, District: Ludhiana (Punjab) – 141401
Phone: 01628-229993, 237361
Website: www.ignou.ac.in; rckhanna.ignou.ac.in
Facebook: www.facebook.com/ignou.rckhanna
Instagram: https://www.instagram.com/ignourckhanna/

इग्नू जन-जन का विश्वविद्यालय

RANK 1 nirf | A++ NAAC

Admission Notification for July 2026 Session

Indira Gandhi National Open University announces ADMISSION to its Academic Programmes
MASTERS/BACHELORS DEGREE PROGRAMMES
DIPLOMA & PG DIPLOMA PROGRAMMES
CERTIFICATE & PG CERTIFICATE PROGRAMMES
Last Date to apply Online: 15th July 2026
Link to apply: https://ignouadmission.samarth.edu.in
Senior Regional Director

ਪੰਜਾਬ ਸਕੱਤਰੇਤ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲੇ ਨੂੰ ਮੁੜ ਤਿਹਾੜ ਜੇਲ ਭੇਜਿਆ

ਚੰਡੀਗੜ੍ਹ, 6 ਜੂਨ (ਸੁਸ਼ੀਲ)–ਪੰਜਾਬ ਸਿਵਲ ਸਕੱਤਰੇਤ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਦੇ ਮੁਲਜ਼ਮ ਸੌਰਵ ਬਿਸਵਾਸ ਨੂੰ ਪੁੱਛਗਿੱਛ ਪੂਰੀ ਹੋਣ ਤੋਂ ਬਾਅਦ ਚੰਡੀਗੜ੍ਹ ਪੁਲਸ ਨੇ ਵਾਪਸ ਤਿਹਾੜ ਜੇਲ ਭੇਜ ਦਿੱਤਾ ਹੈ। ਚੰਡੀਗੜ੍ਹ ਪੁਲਸ ਮੁਲਜ਼ਮ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲੈ ਕੇ ਆਈ ਸੀ ਅਤੇ ਇਕ ਦਿਨ ਦੇ ਰਿਮਾਂਡ ਦੌਰਾਨ ਡੂੰਘਾਈ ਨਾਲ ਉਸ ਕੋਲੋਂ ਪੁੱਛਗਿੱਛ ਕੀਤੀ ਗਈ। ਜਾਂਚ ਦੌਰਾਨ ਅਹਿਮ ਜਾਣਕਾਰੀਆਂ ਸਾਹਮਣੇ ਆਈਆਂ ਹਨ।

ਪੁਲਸ ਅਨੁਸਾਰ ਪੱਛਮੀ ਬੰਗਾਲ ਦੇ ਨਾਰਥ 24 ਪਰਗਨਾ ਜ਼ਿਲੇ ਦੇ ਪੱਲੀ ਬਾਜ਼ਾਰ, ਗੋਬਿੰਦ ਪੱਲੀ ਦਾ ਰਹਿਣ ਵਾਲਾ ਸੌਰਵ ਬਿਸਵਾਸ ਈ-ਮੇਲ ਆਈ. ਡੀ. ਸਸਤੇ ਭਾਅ 'ਤੇ ਖ਼ਰੀਦਦਾ ਸੀ ਅਤੇ ਬਾਅਦ ਵਿਚ ਵੱਧ ਕੀਮਤ 'ਤੇ ਵੇਚ ਦਿੰਦਾ ਸੀ। ਸ਼ੁਰੂਆਤੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਵੱਖ-ਵੱਖ ਆਨਲਾਈਨ ਮਾਧਿਅਮਾਂ ਦੀ ਵਰਤੋਂ ਕਰ ਕੇ ਈ-ਮੇਲ ਖਾਤਿਆਂ ਦਾ ਕਾਰੋਬਾਰ ਕਰਦਾ ਸੀ। ਰਿਮਾਂਡ ਦੌਰਾਨ ਪੁਲਸ ਨੇ ਮੁਲਜ਼ਮ ਦੇ ਮੋਬਾਈਲ ਫ਼ੋਨ, ਲੈਪਟਾਪ ਅਤੇ ਹੋਰ ਡਿਜੀਟਲ ਉਪਕਰਨਾਂ ਦੀ ਜਾਂਚ ਕੀਤੀ। ਸਾਈਬਰ ਮਾਹਿਰ ਇਹ ਪਤਾ ਲਾਉਣ ਵਿਚ ਲੱਗੇ ਹੋਏ ਹਨ ਕਿ ਧਮਕੀ ਭਰੀਆਂ ਈ-ਮੇਲਾਂ ਕਿਨ੍ਹਾਂ ਮਾਧਿਅਮਾਂ ਰਾਹੀਂ ਭੇਜੀਆਂ ਗਈਆਂ ਸਨ ਅਤੇ ਕੀ ਇਸ ਦੇ ਪਿੱਛੇ ਕੋਈ ਵੱਡਾ ਨੈੱਟਵਰਕ ਸਰਗਰਮ ਹੈ।

COURT NOTICE
(U/o 5 Rule 20 CPC)
In the Court of Dr. Mandeep Mittal
Additional District and
Sessions Judge, Hoshiarpur
Harbhajan Singh son of Sohan Singh, r/o Vill. Thinda, Teh. Garhshankar, at present residing at 129, Coral Springs PKNE Calgary in the province of Alberta Canada T 3 J3 X2 through attorney Sukhjit Singh s/o Kewal Singh, r/o Vill. Thinda Teh. Garhshankar, Distt. Hoshiarpur...**Applicant/ Appellant**
Vs.
Jaswinder Kaur wife of Amrik Singh, resident of Vill. Thinda, Teh. Garhshankar, Distt. Hoshiarpur & others ....**Pliff/DH/Respondent**
CNR No: PBHO01-001506-2025
CA/22/2025 Next Date: 16-07-2026
Publication Issued to: 1. Jaswinder Kaur wife of Amrik Singh, resident of Vill. Thinda, Teh. Garhshankar, Distt. Hoshiarpur 2) Surinder Singh s/o Swaran Singh (since deceased) through his Lrs (i) Harpreet Singh (son) (ii) Amandeep Sandeep Sandhu (daughter) Residents of Vill. Thinda, Teh. Garhshankar, Distt. Hoshiarpur
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 16-07-2026 at 10 am
For details logon to
https://highcourtchd.gov.in/?trs=district_notice&district=Hoshiarpur
Sd/-Additional District and Sessions Judge, Hoshiarpur
Dated, this day of 03-06-2026

ਨਿੱਜੀ ਵਾਹਨਾਂ 'ਤੇ ਨਾਜਾਇਜ਼ ਹੂਟਰ, ਸਾਇਰਨ ਅਤੇ ਫਲੈਸ਼ਰ ਲਾਉਣ ਖ਼ਿਲਾਫ਼ 29,324 ਵਾਹਨਾਂ ਦੀ ਚੈਕਿੰਗ

ਵਾਹਨਾਂ ਦੀ ਚੈਕਿੰਗ ਕਰਦੇ ਅਧਿਕਾਰੀ।

ਜਲੰਧਰ/ਚੰਡੀਗੜ੍ਹ, 6 ਜੂਨ (ਧਵਨ)–ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤੀ ਵਰਤਦਿਆਂ ਪੰਜਾਬ ਪੁਲਸ ਨੇ ਨਿੱਜੀ ਵਾਹਨਾਂ 'ਤੇ ਹੂਟਰ, ਸਾਇਰਨ ਅਤੇ ਫਲੈਸ਼ਰ ਦੀ ਨਾਜਾਇਜ਼ ਵਰਤੋਂ ਖ਼ਿਲਾਫ਼ ਪੰਜ ਰੋਜ਼ਾ ਸੂਬਾ ਪੱਧਰੀ ਵਿਸ਼ੇਸ਼ ਮੁਹਿੰਮ ਚਲਾਈ, ਜਿਸ ਦੌਰਾਨ 29 ਹਜ਼ਾਰ ਤੋਂ ਵੱਧ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਹ ਵਿਆਪਕ ਮੁਹਿੰਮ ਪੂਰੇ ਸੂਬੇ ਵਿਚ 2 ਜੂਨ 2026 ਤੋਂ ਸ਼ੁਰੂ ਕੀਤੀ ਗਈ ਸੀ।

ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਚਲਾਈ ਗਈ ਇਸ ਮੁਹਿੰਮ ਦੌਰਾਨ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਅਤੇ ਬਿਨਾਂ ਕਿਸੇ ਅਧਿਕਾਰ ਦੇ ਹੂਟਰ, ਸਾਇਰਨ, ਫਲੈਸ਼ਰ ਜਾਂ ਹੋਰ ਕਿਸੇ ਵੀ ਨਾਜਾਇਜ਼ ਸੰਕੇਤਕ ਉਪਕਰਨ ਦੀ ਵਰਤੋਂ ਕਰਨ ਵਾਲੇ ਨਿੱਜੀ ਵਾਹਨਾਂ ਖ਼ਿਲਾਫ਼ ਕਾਰਵਾਈ ਕੀਤੀ ਗਈ।

ਸਪੈਸ਼ਲ ਡੀ. ਜੀ. ਪੀ. (ਕਾਨੂੰਨ ਤੇ ਵਿਵਸਥਾ) ਪ੍ਰਵੀਨ ਸਿਨਹਾ ਨੇ ਪੰਜ ਰੋਜ਼ਾ ਮੁਹਿੰਮ ਦੇ ਨਤੀਜੇ ਸਾਂਝੇ ਕਰਦਿਆਂ ਦੱਸਿਆ ਕਿ ਪੁਲਸ ਟੀਮਾਂ ਨੇ ਕੁੱਲ 29,324 ਵਾਹਨਾਂ ਦੀ ਚੈਕਿੰਗ ਕੀਤੀ। ਚੈਕਿੰਗ ਦੌਰਾਨ 52 ਨਾਜਾਇਜ਼ ਹੂਟਰ, 10 ਸਾਇਰਨ ਅਤੇ 403 ਫਲੈਸ਼ਰ ਵਾਹਨਾਂ ਤੋਂ ਹਟਾਏ ਗਏ। ਇਸ ਤੋਂ ਇਲਾਵਾ ਨਿਯਮਾਂ ਦੀ ਉਲੰਘਣਾ ਕਰਨ ਵਾਲੇ 4,221 ਵਾਹਨਾਂ ਦੇ ਚਲਾਨ ਕੀਤੇ ਗਏ ਅਤੇ 48 ਵਾਹਨਾਂ ਨੂੰ ਜ਼ਬਤ ਵੀ ਕੀਤਾ ਗਿਆ। ਉਲੰਘਣਾ ਕਰਨ ਵਾਲਿਆਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਪ੍ਰਵੀਨ ਸਿਨਹਾ ਨੇ ਕਿਹਾ ਕਿ ਇਹ ਮੁਹਿੰਮ ਪੂਰੇ ਸੂਬੇ ਵਿਚ ਅੱਗੇ ਵੀ ਜਾਰੀ ਰਹੇਗੀ ਅਤੇ ਫਲੈਸ਼ਰ, ਸਾਇਰਨ ਜਾਂ ਹੂਟਰ ਦੀ ਅਣਅਧਿਕਾਰਤ ਵਰਤੋਂ ਕਰਨ ਵਾਲੇ ਕਿਸੇ ਵੀ ਵਿਅਕਤੀ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸ ਦੌਰਾਨ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੇ 137ਵੇਂ ਦਿਨ ਵੀ ਪੁਲਸ ਦੀ ਕਾਰਵਾਈ ਜਾਰੀ ਰਹੀ। ਪੁਲਸ ਟੀਮਾਂ ਨੇ 8 ਹਥਿਆਰਾਂ ਸਮੇਤ 320 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ। ਇਸ ਤੋਂ ਇਲਾਵਾ 97 ਵਿਅਕਤੀਆਂ ਖ਼ਿਲਾਫ਼ ਅਹਿਤਿਆਤੀ ਕਾਰਵਾਈ ਕੀਤੀ ਗਈ, ਜਦੋਂ ਕਿ 13 ਵਿਅਕਤੀਆਂ ਨੂੰ ਪੜਤਾਲ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਸ ਨੇ ਮੁਹਿੰਮ ਦੌਰਾਨ 7 ਭਗੌੜਿਆਂ ਨੂੰ ਵੀ ਗ੍ਰਿਫ਼ਤਾਰ ਕੀਤਾ।

pnb punjab national bank ...Together for the better

ਏ. ਆਰ. ਐੱਮ. ਬੀ.-ਪਠਾਨਕੋਟ
(ਨੇੜੇ ਕਮਲ ਸਵੀਟਸ, ਸੈਲੀ ਰੋਡ, ਪਠਾਨਕੋਟ, ਪੰਜਾਬ-145001)
(ਫੋਨ ਨੰ. 9115554320), ਈ-ਮੇਲ : cs829500@pnb.bank.in

ਈ-ਨਿਲਾਮੀ/ ਵਿਕਰੀ ਨੋਟਿਸ

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6)/9(1) ਦੀ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਨੂੰ ਵਿਸ਼ੇਸ਼ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਚੱਲ/ਅਚੱਲ ਜਾਇਦਾਦ ਦਾ ਰਚਨਾਤਮਕ/ਦਸਤੀ/ਸੰਕੇਤਕ ਕਬਜ਼ਾ ਬੈਂਕ ਦੇ ਅਧਿਕਾਰਤ ਅਫਸਰ/ਸਕਿਓਰਡ ਕ੍ਰੈਡਿਟਰ ਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਦੱਸੀ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (ਾਂ) ਤੇ ਗਾਰੰਟਰ (ਾਂ) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਦਾ ਵੇਰਵਾ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦੱਸੇ ਅਨੁਸਾਰ ਹੋਵੇਗਾ।

ਲੜੀ ਨੰ.	ਬ੍ਰਾਂਚ ਦਾ ਨਾਂ / ਖਾਤਾ ਕਰਜ਼ਦਾਰ/ਗਾਰੰਟਰ ਖਾਤੇ ਦਾ ਨਾਂ ਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (ਾਂ) ਦੇ ਮਾਰਟਗੇਜਰ)	(ਏ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਕਮ ਜਿਵੇਂ ਹੈ (ਸੀ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਕਬਜ਼ੇ ਦੀ ਮਿਤੀ (ਡੀ) ਕਬਜ਼ੇ ਦੀ ਕਿਸਮ-ਸੰਕੇਤਕ/ਦਸਤੀ/ਰਚਨਾਤਮਕ	ਈ-ਨਿਲਾਮੀ ਦੀ ਮਿਤੀ/ਸਮਾਂ / ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ	(ਏ) ਰਾਖਵੀਂ ਕੀਮਤ (ਬੀ) ਈ. ਐੱਮ. ਡੀ. (ਸੀ) ਬੋਲੀ ਵਾਧਾ ਰਕਮ
1.	ਪੀ. ਐੱਨ. ਬੀ. ਏ. ਆਰ. ਐੱਮ. ਬੀ. ਪਠਾਨਕੋਟ (829500) / (1) ਮੈਸਰਜ਼ ਲਲਿਤ ਸਵੀਟਸ ਸ਼ਾਪ ਇਸ ਦੇ ਮਾਲਕ ਰਾਹੀਂ ਸ਼੍ਰੀ ਲਲਿਤ ਮੋਹਨ ਲਾਲ, ਪੁਰਾਣਾ ਬਾਜ਼ਾਰ, ਗੁਰਦਾਸਪੁਰ, ਤਹਿਸੀਲ ਤੇ ਜ਼ਿਲਾ ਗੁਰਦਾਸਪੁਰ, 2) ਸ਼੍ਰੀ ਲਲਿਤ ਮੋਹਨ ਪੁੱਤਰ ਸ਼੍ਰੀ ਕਸਤੂਰੀ ਲਾਲ, ਵਾਸੀ ਪੁਰਾਣਾ ਬਾਜ਼ਾਰ, ਗੁਰਦਾਸਪੁਰ, ਤਹਿਸੀਲ ਤੇ ਜ਼ਿਲਾ ਗੁਰਦਾਸਪੁਰ-143521 (ਮਾਲਕ), 3) ਸ਼੍ਰੀ ਇੰਦਰ ਮੋਹਨ ਪੁੱਤਰ ਸ਼੍ਰੀ ਕਸਤੂਰੀ ਲਾਲ, ਵਾਸੀ ਪੁਰਾਣਾ ਬਾਜ਼ਾਰ, ਗੁਰਦਾਸਪੁਰ, ਤਹਿਸੀਲ ਤੇ ਜ਼ਿਲਾ ਗੁਰਦਾਸਪੁਰ-143521 (ਗਾਰੰਟਰ)।	ਸ਼੍ਰੀ ਲਲਿਤ ਮੋਹਨ ਅਤੇ ਸ਼੍ਰੀ ਇੰਦਰ ਮੋਹਨ ਦੇ ਨਾਂ 'ਤੇ ਪੁਰਾਣਾ ਬਾਜ਼ਾਰ ਗੁਰਦਾਸਪੁਰ ਵਿਖੇ ਸਥਿਤ ਵਪਾਰਕ ਇਮਾਰਤ ਦਾ ਪੂਰਾ ਹਿੱਸਾ, ਜਿਸ ਦੀ ਕੁੱਲ ਪੈਮਾਇਸ਼ 140 ਵਰਗ ਫੁੱਟ (ਆਕਾਰ 7 ਫੁੱਟ* 20 ਫੁੱਟ) ਹੈ, ਜੋ ਟੀ. ਡੀ. ਨੰਬਰ 535, ਮਿਤੀ 03.05.2000, ਬਹੀ ਨੰਬਰ 01, ਜਿਲਦ ਨੰਬਰ 3687, ਸਫ਼ਾ ਨੰਬਰ 43 ਦੇ ਅਨੁਸਾਰ ਹੈ। ਹੱਦਬੰਦੀ–ਉੱਤਰ : ਪੁਰਾਣਾ ਬਾਜ਼ਾਰ 7', ਦੱਖਣ : ਖੰਨਾ ਦੀ ਜਾਇਦਾਦ 7', ਪੂਰਬ : ਜੋਗਿੰਦਰ ਪਾਲ ਦੀ ਜਾਇਦਾਦ 20', ਪੱਛਮ : ਮੇਲਾ ਰਾਮ ਦੀ ਜਾਇਦਾਦ।	ਏ. 31.01.2022 ਬੀ. ਰੁਪਏ 36,01,773.93 ਮਿਤੀ 31.12.2021 ਨੂੰ+ਅਗਲਾ ਵਿਆਜ 01.01.2022 ਤੋਂ ਸੀ. 24.03.2025 ਡੀ. ਭੌਤਿਕ	23.06.2026 ਸਵੇਰੇ 11 ਤੋਂ ਸ਼ਾਮ 4 ਵਜ / ਬੈਂਕ ਨੂੰ ਜਾਣਕਾਰੀ ਨਹੀਂ	(ਏ)17,00,000 ਰੁਪਏ (ਬੀ)1,70,000 ਰੁਪਏ (ਸੀ) 20,000 ਰੁਪਏ

ਨਿਯਮ ਤੇ ਸ਼ਰਤਾਂ : (1) ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਵਿਚ ਨਿਰਧਾਰਤ ਨਿਯਮਾਂ ਤੇ ਸ਼ਰਤਾਂ ਅਤੇ ਹੇਠਾਂ ਦੱਸੀਆਂ ਹੋਰ ਵਾਧੂ ਸ਼ਰਤਾਂ ਅਨੁਸਾਰ ਹੋਵੇਗੀ। (2) ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਆਧਾਰ ਹੋਵੇ' 'ਤੇ ਕੀਤੀ ਜਾਵੇਗੀ। (3) ਉੱਪਰ ਸ਼ਡਿਊਲ ਵਿਚ ਦੱਸੇ ਗਏ ਸਕਿਓਰਡ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫਸਰ ਵਲੋਂ ਸਰਵਉੱਤਮ ਜਾਣਕਾਰੀ ਦੇ ਆਧਾਰ 'ਤੇ ਦਿੱਤੇ ਗਏ ਹਨ ਪਰ ਅਧਿਕਾਰਤ ਅਫਸਰ ਇਸ ਐਲਾਨ ਵਿਚ ਕਿਸੇ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। (4) ਜਾਇਦਾਦ (ਾਂ) ਉੱਪਰ ਕਿਸੇ ਵੀ ਭਾਰ ਬਾਰੇ ਬੈਂਕ/ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ ਹੈ। ਅਧਿਕਾਰਤ ਅਫਸਰ ਜਾਂ ਬੈਂਕ ਨਿਲਾਮੀਸ਼ੁਦਾ ਜਾਇਦਾਦਾਂ ਦੇ ਮਾਮਲੇ 'ਚ ਸਰਕਾਰ ਜਾਂ ਕਿਸੇ ਵੀ ਹੋਰ ਵੱਲ ਕਿਸੇ ਚਾਰਜ, ਗ੍ਰਹਿਣ ਅਧਿਕਾਰ, ਭਾਰਾਂ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। (5) ਹਿਤਬੱਧ ਬੋਲੀਦਾਤੇ ਨੂੰ ਸਲਾਹ ਹੈ ਕਿ ਉਹ ਵਿਧਾਨਕ ਦੇਣਦਾਰੀਆਂ, ਪ੍ਰਾਪਰਟੀ ਟੈਕਸ ਦੇ ਬਕਾਏ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐੱਨ. ਓ. ਸੀ. ਫਾਰਮ ਆਦਿ ਸਮੇਤ ਜਾਇਦਾਦ ਉੱਪਰ ਭਾਰਾਂ ਸਬੰਧੀ ਸੁਤੰਤਰ ਤੌਰ 'ਤੇ ਜਾਂਚ ਕਰ ਲਵੇ। ਬਕਾਇਆ ਖਰਚਿਆਂ/ਬਿਜਲੀ ਦੇ ਬਿੱਲ, ਹਾਊਸ ਟੈਕਸ ਆਦਿ ਨੂੰ ਨਿਲਾਮੀ ਖਰੀਦਦਾਰ ਵੱਲੋਂ ਸਹਿਣ ਕੀਤਾ ਜਾਵੇਗਾ। (6) ਸਕਿਓਰਡ ਕ੍ਰੈਡਿਟਰ ਵਿਕਰੀ ਕੀਤੀ ਜਾਣ ਵਾਲੀ ਜਾਇਦਾਦ (ਾਂ) ਦੀ ਫਿਟਨੈੱਸ ਜਾਂ ਕੁਆਲਿਟੀ ਜਾਂ ਦੇਣਦਾਰੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਗਾਰੰਟੀ ਨਹੀਂ ਦੇਵੇਗਾ। (7) ਨਿਮਨਹਸਤਾਖਰੀ ਵਲੋਂ ਵਿਕਰੀ ਵੈੱਬਸਾਈਟ https://baanknet.com 'ਤੇ ਦਿੱਤੇ ਈ-ਨਿਲਾਮੀ ਪਲੇਟਫਾਰਮ ਰਾਹੀਂ 23.06.2026 ਨੂੰ ਸਵੇਰੇ 11 ਤੋਂ ਸ਼ਾਮ 4 ਵਜੇ ਦਰਮਿਆਨ ਉੱਪਰ ਦੱਸੇ ਸਮੇਂ 'ਤੇ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮ ਤੇ ਸ਼ਰਤਾਂ ਦੇਖਣ ਲਈ ਕਿਰਪਾ ਕਰ ਕੇ https://baanknet.com ਤੇ www.pnbindia.in ਦਾ ਹਵਾਲਾ ਲਵੋ। (8) ਰਾਖਵੀਂ ਕੀਮਤ ਤੋਂ ਵੱਧ ਘੱਟੋ-ਘੱਟ ਇਕ ਬੋਲੀ ਰਕਮ ਲਾਜ਼ਮੀ ਹੈ।

ਸਰਫੇਸੀ ਐਕਟ, 2002 ਦੇ ਰੂਲ-8(6) ਤਹਿਤ ਵਿਧਾਨਕ ਵਿਕਰੀ ਨੋਟਿਸ

ਮਿਤੀ : 06.06.2026
ਸਥਾਨ : ਪਠਾਨਕੋਟ

ਹੀਰਾ ਲਾਲ ਹੰਸ, ਅਧਿਕਾਰਤ ਅਫਸਰ
ਪੰਜਾਬ ਨੈਸ਼ਨਲ ਬੈਂਕ, ਸਕਿਓਰਡ ਕ੍ਰੈਡਿਟਰ